# ਦਫਤਰ ਪੰਜਾਬ ਸਮੱਗਰਾ ਸਿੱਖਿਆ ਅਭਿਆਨ

## ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ ਈ ਫੇਜ 8 ਜਿਲ੍ਹਾ ਐਸ.ਏ.ਐਸ.ਨਗਰ

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.),
ਸਮੂਹ ਡਾਇਟ ਪ੍ਰਿੰਸੀਪਲ,
ਸਮੂਹ ਬੀ.ਪੀ ਈ,ਓ ਅਤੇ ਸਮੂਹ ਸਕੂਲ ਮੁੱਖੀ
ਪੰਜਾਬ ਸਮੱਗਰਾ ਸਿੱਖਿਆ ਅਭਿਆਨ,
ਪੰਜਾਬ।

ਮੀਮੋ ਨੰ: ਸਸਅ/ਵਿੱਤ/2022-23/ 2023 58898
ਮਿਤੀ: ਐਸ.ਏ.ਐਸ. ਨਗਰ : 01/03/2023

**ਵਿਸ਼ਾ:-** PFMS Portal **ਤੇ ਪੀ.ਪੀ.ਏ ਬਣਾਉਣ ਲਈ ਜਰੂਰੀ ਹਦਾਇਤਾਂ ਸੰਬੰਧੀ।**

ਸਮੱਗਰਾ ਸਿੱਖਿਆਂ ਅਭਿਆਨ (Centrally Sponsored Scheme) ਅਧੀਨ ਪੀ.ਐਫ.ਐਮ.ਐਸ ਪੋਰਟਲ ਰਾਹੀਂ ਸਭ ਚਾਇਲਡ ਏਜੰਸੀਆਂ ਨੂੰ ਕੰਪੋਨੈਂਟ ਮੁੱਖੀਆਂ ਵੱਲੋ ਪ੍ਰਾਪਤ ਪ੍ਰਵਾਨਿਤ ਗ੍ਰਾਂਟਾ ਐਲੋਕੇਟ ਕੀਤੀਆਂ ਜਾ ਰਹੀਆਂ ਹਨ। ਪਰੰਤੂ ਕੁਝ ਚਾਇਲਡ ਏਜੰਸੀਆਂ ਵੱਲੋ ਵੈਂਡਰ ਨੂੰ ਅਦਾਇਗੀ ਕਰਨ ਸਮੇਂ PRINT PAYMENT ADVICE Mode ਨਾ ਲੈਕੇ ECS,RTGS,CHEQUE or DD Mode(Offline Mode) ਲੈਕੇ ਪੀ.ਪੀ.ਏ ਬਣਾਈਆ ਜਾ ਰਹੀਆ ਹਨ ਅਤੇ ਕੁਝ ਚਾਇਲਡ ਏਜੰਸੀਆਂ ਵੱਲੋ ਵੈਂਡਰ ਨੂੰ ਅਦਾਇਗੀ ਕਰਨ ਸਮੇਂ ਅਦਾਇਗੀ ਦੀ ਸਾਰੀ ਰਾਸ਼ੀ Deductions ਵਿੱਚ ਲੈ ਲਈ ਜਾਂਦੀ ਹੈ, ਪਰੰਤੂ ਅਪਰੂਵਰ ਵੱਲੋ ਬਿਨਾ ਚੈੱਕ ਕੀਤਿਆਂ ਪੀ.ਪੀ.ਏ ਅਪਰੂਵ ਕੀਤੀਆ ਜਾ ਰਹੀਆਂ ਹਨ। ECS,RTGS,CHEQUE or DD Mode(Offline Mode)ਅਤੇ Deductions ਵਿੱਚ ਸਾਰੀ ਰਾਸ਼ੀ ਲੈਕੇ ਬਣਾਈ ਗਈ ਪੀ.ਪੀ.ਏ ਦਾ ਨਾ ਹੀ ਪ੍ਰਿੰਟ ਨਿਕਲਦਾ ਹੈ ਅਤੇ ਨਾ ਹੀ ਇਸਦਾ ਕੋਈ ਬੈਚ ਨੰ. ਹੀ ਜਨਰੇਟ ਹੁੰਦਾ ਹੈ,ਪਰੰਤੂ ਇਸ ਕਾਰਨ ਸੰਬੰਧਤ ਚਾਇਲਡ ਏਜੰਸੀ ਦੀ ਲਿਮਿਟ ਵਰਤ ਹੋ ਜਾਂਦੀ ਹੈ ਅਤੇ ਦੁਬਾਰਾ ਤੋਂ ਪੀ.ਪੀ.ਏ ਜਨਰੇਟ ਕਰਨ ਲਈ ਸੰਬੰਧਤ ਏਜੰਸੀ ਕੋਲ ਲਿਮਿਟ ਵੀ ਨਹੀਂ ਬੱਚਦੀ।

PFMS Portal ਤੇ ਅਪਰੇਟਰ ਅਤੇ ਅਪਰੂਵਰ ਦੀਆਂ ਦੋ ਅਲੱਗ-ਅਲੱਗ ਆਈ.ਡੀਜ਼ ਇਸ ਮੰਤਵ ਨਾਲ ਬਣਾਈਆਂ ਗਈਆ ਸਨ, ਕਿ ਉਪਰੇਟਰ ਵੱਲੋ ਬਣਾਈ ਪੀ.ਪੀ.ਏ ਨੂੰ ਚੰਗੀ ਤਰ੍ਹਾ ਘੋਖਣ ਉਪਰੰਤ ਹੀ ਅਪਰੂਵਰ ਵੱਲੋ ਅਪਰੂਵ ਕੀਤਾ ਜਾ ਸਕੇ। ਪਰੰਤੂ ਮੁੱਖ ਦਫਤਰ ਨੂੰ ਚਾਇਲਡ ਏਜੰਸੀਆਂ ਵੱਲੋ ਲਗਾਤਾਰ ਪ੍ਰਾਪਤ

ਪ.ਤੋ.

ਹੋ ਰਹੇ ਲਿਮਿਟ ਰੀ-ਐਲੋਕੇਸ਼ਨ ਸਬੰਧੀ ਬੇਨਤੀ ਪੱਤਰਾਂ ਨੂੰ ਦੇਖਕੇ ਇਹ ਪ੍ਰਤੀਤ ਹੁੰਦਾ ਹੈ ਕਿ ਉਪਰੇਟਰ ਅਤੇ ਅਪਰੂਵਰ ਵੱਲੋ ਆਪਣੀ ਡਿਊਟੀ ਸੰਜੀਦਗੀ ਨਾਲ ਨਿਭਾਈ ਨਹੀਂ ਜਾ ਰਹੀ ਅਤੇ ਨਾ ਹੀ ਸਮੇਂ ਸਮੇਂ ਤੇ ਜਾਰੀ ਕੀਤੀਆ ਜਾ ਰਹੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾ ਰਹੀ ਹੈ।

PFMS Portal ਤੇ ਗਲਤ ਮੋਡ ਸਲੈਕਟ ਕਰਕੇ ਬਣੀਆਂ ਪੀ.ਪੀ.ਏਜ਼ ਦੀ ਲਿਮਿਟ ਰਿਵਰਸ ਕਰਨ ਲਈ ਅਜੇ ਤੱਕ ਕੋਈ ਵੀ ਆਪਸ਼ਨ ਉਪਲਬਧ ਨਹੀਂ ਹੈ, ਜਿਸ ਦੇ ਜਰੀਏ ਲਿਮਿਟ ਵਾਪਸ ਲਈ ਜਾ ਸਕੇ। ਇਸ ਸਬੰਧੀ ਮੁੱਖ ਦਫਤਰ ਵੱਲੋਂ ਜਿਲ੍ਹਾ ਅਤੇ ਬਲਾਕ ਅਕਾਊਟੈਂਟ ਦੇ ਰਾਹੀਂ ਸਭ ਚਾਇਲਡ ਏਜੰਸੀਆਂ ਨੂੰ PFMS Portal ਤੇ ਅਦਾਇਗੀਆਂ ਕਰਨ ਸੰਬੰਧੀ ਲਗਾਤਾਰ ਟ੍ਰੇਨਿੰਗਾਂ ਅਤੇ ਅਦਾਇਗੀ ਵਿੱਚ ਆ ਰਹੀਆਂ ਮੁਸ਼ਕਿਲਾਂ ਦਾ ਹੱਲ ਕੀਤਾ ਜਾ ਰਿਹਾ ਹੈ। ਪਰੰਤੂ ਫਿਰ ਵੀ ਜੇਕਰ ਚਾਇਲਡ ਏਜੰਸੀਆਂ ਦੀ ਅਣਗਹਿਲੀ ਜਾਂ ਲਾ-ਪਰਵਾਹੀ ਕਰਕੇ PFMS Portal ਤੋਂ ਲਿਮਿਟ ਖਤਮ ਹੁੰਦੀ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸੰਬੰਧਤ ਕਰਮਚਾਰੀ/ਅਧਿਕਾਰੀ ਦੀ ਹੋਵੇਗੀ।

ਲਿਮਿਟ ਰੀ ਐਲੋਕੇਸ਼ਨ ਸਬੰਧੀ ਪ੍ਰਾਪਤ ਕੇਸ ਨੂੰ ਹਰ ਪੱਖੋਂ ਘੋਖਣ ਉਪਰੰਤ ਬਣਦੀ ਕਾਰਵਾਈ ਕਰਨ ਵਿੱਚ ਇਸ ਦਫਤਰ ਦਾ ਬਹੁਤ ਸਮਾਂ ਬਰਬਾਦ ਹੁੰਦਾ ਹੈ। ਇਸ ਲਈ ਸਮੂਹ ਚਾਇਲਡ ਏਜੰਸੀਆਂ ਨੂੰ ਸਖ਼ਤ ਹਦਾਇਤ ਕੀਤੀ ਜਾਂਦੀ ਹੈ ਕਿ PFMS portal ਤੇ ਬਿੱਲਾਂ ਦੀ ਅਦਾਇਗੀਆਂ ਲਈ ਪੀ.ਪੀ.ਏ ਜਨਰੇਟ ਕਰਨ ਸਮੇਂ ਸਹੀ ਮੋਡ(Print Payment Advice Mode) ਹੀ select ਕੀਤਾ ਜਾਵੇ ਅਤੇ ਸਮੇਂ ਸਮੇਂ ਤੇ ਇਸ ਦਫਤਰ ਵੱਲੋ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ